*IOSR Journal of Humanities And Social Science (IOSR-JHSS)*
*Volume 26, Issue 2, Series 3 (February. 2021) 54-59*
*e-ISSN: 2279-0837, p-ISSN: 2279-0845.*
*www.iosrjournals.org*

# ਜਵਾਹਰ ਟਨਲ:ਕਸ਼ਮੀਰ ਦੁਖਾਂਤ ਦਾ ਪ੍ਰਵਚਨ

**ਅਮਨਪ੍ਰੀਤ ਕੌਰ ਢੀਂਡਸਾ**

**ਅਸਿਸਟੈਂਟ ਪ੍ਰੋਫੈਸਰ**

**ਪੰਜਾਬੀ ਵਿਭਾਗ**

**ਪਟੇਲ ਮੈਮੋਰੀਅਲ ਨੈਸ਼ਨਲ ਕਾਲਜ,ਰਾਜਪੁਰਾ।**

Date of Submission: 26-01-2021 Date of Acceptance: 11-02-2021

1955 ਵਿੱਚ ਜਨਮੇ ਤੇ ਹਿੰਦੀ ਸਾਹਿਤ ਜਗਤ ਵਿੱਚ ਡਾ.ਅਗਨੀਸ਼ੇਖ਼ਰ ਦੇ ਨਾਂ ਨਾਲ ਜਾਣੇ ਜਾਂਦੇ ਡਾ.ਕੁਲਦੀਪ ਸੁੰਬਲੀ ਨਾ ਤਾਂ ਕਸ਼ਮੀਰ ਦੀ ਸਿਆਸਤ ਵਿੱਚ ਕਿਸੇ ਜਾਣ-ਪਛਾਣ ਦੇ ਮੁਹਤਾਜ ਨੇ ਤੇ ਨਾ ਹੀ ਹਿੰਦੀ ਸਾਹਿਤ ਵਿੱਚ। ਸਿਆਸਤ ਦੇ ਖੇਤਰ ਵਿੱਚ ਉਹ ਦਸੰਬਰ,1990 ਵਿੱਚ ਹੋਂਦ 'ਚ ਆਏ ਕਸ਼ਮੀਰੀ ਪੰਡਿਤ ਨੈੱਟਵਰਕ ਵੱਲੋਂ ਘੜਿਤ 'ਪਨੁਨ ਕਸ਼ਮੀਰ' ਦੇ ਕਨਵੀਨਰ ਹਨ।'ਪਨੁਨ ਕਸ਼ਮੀਰ' (ਸਾਡਾ ਕਸ਼ਮੀਰ) ਕਸ਼ਮੀਰ ਘਾਟੀ ਵਿੱਚ ਭਾਰਤ ਦਾ ਪ੍ਰਸਤਾਵਿਤ ਕੇਂਦਰ ਸ਼ਾਸਿਤ ਪ੍ਰਦੇਸ਼ ਹੈ,ਜਿਸਦਾ ਉਦੇਸ਼ ਕਸ਼ਮੀਰੀ ਹਿੰਦੂਆਂ ਲਈ ਇੱਕ ਵਤਨ ਬਣਾਉਣਾ ਹੈ।'ਪਨੁਨ ਕਸ਼ਮੀਰ' ਦਾ ਸੰਕਲਪ ਉਦੋਂ ਘੜਿਆ ਗਿਆ,ਜਦੋਂ ਕਸ਼ਮੀਰ ਦੇ ਇਸਲਾਮੀਕਰਨ ਦੇ ਯਤਨ ਸ਼ੁਰੂ ਹੋਏ ਤਾਂ JKLF ਵੱਲੋਂ ਕਸ਼ਮੀਰ ਦੇ ਹਿੰਦੂਆਂ ਨੂੰ ਟਾਰਗੇਟ ਕੀਤਾ ਗਿਆ।

1980 ਵਿੱਚ ਫਾਰੂਕ ਅਬਦੁੱਲਾ ਦੀ ਸਰਕਾਰ ਵੱਲੋਂ 2500 ਕਸ਼ਮੀਰੀ ਪਿੰਡਾਂ ਦੇ ਜੱਦੀ ਨਾਂ ਬਦਲ ਕੇ ਇਸਲਾਮੀ ਨਾਂ ਰੱਖਣ ਤੋਂ ਇਸ ਮਿਸ਼ਨ ਦੀ ਸ਼ੁਰੂਆਤ ਹੁੰਦੀ ਹੈ ਤੇ ਨਾਲ ਹੀ ਇਹ ਭਵਿੱਖ ਵਿੱਚ ਕਸ਼ਮੀਰੀ ਹਿੰਦੂਆਂ 'ਤੇ ਹੋਣ ਵਾਲੇ ਜ਼ੁਲਮ ਦੀ ਅਗਾਊਂ ਸੂਚਨਾ ਵੀ ਸੀ। 14 ਸਤੰਬਰ,1989 ਨੂੰ ਪੰਡਿਤ ਟਿੱਕਾ ਲਾਲ ਤਪਲੂ,ਜੋ ਇੱਕ ਵਕੀਲ ਤੇ ਜੰਮੂ ਕਸ਼ਮੀਰ ਦੀ ਭਾਰਤੀ ਜਨਤਾ ਪਾਰਟੀ ਦਾ ਪ੍ਰਸਿੱਧ ਲੀਡਰ ਸੀ,ਉਸਨੂੰ ਮਾਰ ਕੇ ਹਿੰਦੂਆਂ ਨੂੰ ਟਾਰਗੇਟ ਕਰਨਾ ਸ਼ੁਰੂ ਹੋਇਆ।ਇਸ ਪਿੱਛੋਂ ਕਈ ਪ੍ਰਸਿੱਧ ਸ਼ਖ਼ਸੀਅਤਾਂ ਦਾ ਕਤਲ ਹੋਇਆ। ਹਿੰਦੂ ਕਸ਼ਮੀਰੀ ਔਰਤਾਂ ਦਾ ਕਿਡਨੈਪ,ਬਲਾਤਕਾਰ ਤੇ ਕਤਲ ਦੀਆਂ ਵਾਰਦਾਤਾਂ ਸ਼ੁਰੂ ਕੀਤੀਆਂ ਗਈਆਂ,ਤਾਂ ਕਿ ਹਿੰਦੂ ਕਸ਼ਮੀਰੀ ਆਪਣੇ ਆਪ ਡਰ ਕੇ ਕਸ਼ਮੀਰ ਛੱਡ ਦੇਣ।

ਇੰਨਾ ਹੀ ਨਹੀਂ 'ਅਫ਼ਤਾਬ' ਨਾਮੀ ਕਸ਼ਮੀਰੀ ਅਖ਼ਬਾਰ ਵਿੱਚ 4 ਜਨਵਰੀ,1990 ਨੂੰ ਕਸ਼ਮੀਰੀ ਅਖ਼ਬਾਰਾਂ ਵਿੱਚ ਹਿੰਦੂਆਂ ਨੂੰ ਕਸ਼ਮੀਰ ਛੱਡ ਦੇਣ ਦੀ ਸ਼ਰ੍ਹੇਆਮ ਧਮਕੀ ਦਿੱਤੀ ਗਈ। 14ਅਪ੍ਰੈਲ,1990 ਨੂੰ 'ਅਲ ਸਫ਼ਾ' ਨਾਮੀ ਅਖ਼ਬਾਰ ਵਿੱਚ ਇਸ ਧਮਕੀ ਨੂੰ ਦੁਬਾਰਾ ਪ੍ਰਕਾਸ਼ਿਤ ਕੀਤਾ ਗਿਆ।'ਅੰਕੜਿਆਂ ਮੁਤਾਬਕ 1990 ਤੱਕ ਕਸ਼ਮੀਰ ਵਿੱਚ 3,00,000 ਤੋਂ 6,00,000 ਹਿੰਦੂ ਰਹਿ ਰਹੇ ਸੀ,ਜੋ ਗਿਣਤੀ 2016 ਵਿੱਚ ਘੱਟ ਕੇ 2000-3000 ਰਹਿ ਗਈ।'[1] ਕਸ਼ਮੀਰੀ ਪੰਡਿਤਾਂ ਦੇ ਇਸੇ ਵਿਸਥਾਪਨ ਦੁਖਾਂਤ ਨੂੰ 'ਜਵਾਹਰ ਟਨਲ' ਕਾਵਿ-ਸੰਗ੍ਰਹਿ ਵਿੱਚ ਕਲਮਬੱਧ ਕੀਤਾ ਗਿਆ ਹੈ:

ਸਾਡੀਆਂ ਬੱਸਾਂ ਫਸੀਆਂ ਪਈਆਂ ਸਨ ਸੁਰੰਗ ਵਿੱਚ
ਅਤੇ ਹੁਣ ਉਹਨਾਂ ਦਾ ਧੂੰਆਂ ਵੀ
ਸ਼ਾਮਲ ਸੀ
ਹਨ੍ਹੇਰੇ ਵਿੱਚ
ਕੰਨਾਂ ਵਿੱਚ ਅਜੇ ਵੀ ਗੂੰਜ ਰਹੀਆਂ ਸਨ
ਜੇਹਾਦੀਆਂ ਦੀਆਂ ਗਾਲਾਂ
ਉਹਨਾਂ ਦੇ ਐਲਾਨ

ਧਮਕੀਆਂ
ਠਾਹ ਠਾਹ!!
ਗੋਲੀਆਂ ਦੀਆਂ ਅਠਖੇਲੀਆਂ
ਹੱਥਗੋਲੇ ਅਤੇ ਬੰਬਾਂ ਦੇ ਠਹਾਕੇ
ਅਲ ਜੇਹਾਦ !
ਅਲ ਜੇਹਾਦ !
ਅਲ ਜੇਹਾਦ !
ਜਵਾਹਰ ਲਾਲ ਨਹਿਰੂ ਸੁਰੰਗ ਵਿੱਚ
ਸਾਡੇ ਸੁੰਗੜੇ ਸਰੀਰਾਂ ਦੇ ਅੰਦਰ ਦੱਬੇ ਸ਼ੋਰ-ਸ਼ਰਾਬੇ ਵਿੱਚ
ਛੁਪੀਆਂ ਬੈਠੀਆਂ
ਲਹੂ ਲੁਹਾਨ ਯਾਦਾਂ ਇਸ ਸਮੇਂ
ਕਿਉਂ ਜਾਗ ਰਹੀਆਂ ਸਨ
ਗਿੱਲੇ ਹਨ੍ਹੇਰੇ ਵਿੱਚ
ਖਾਲੀਪਨ ਖਲਾਅ ਵਿੱਚੋਂ ਉੱਭਰ ਰਹੀਆਂ ਸਨ
ਬਲਾਤਕਾਰ ਦਾ ਸ਼ਿਕਾਰ ਹੋ ਗਈਆਂ ਸਨ
ਛਟਪਟਾਉਂਦੀਆਂ ਵਿਲਕਦੀਆ
ਸਾਡੀਆਂ ਭੈਣਾਂ [2]

1954-56 ਦੌਰਾਨ ਜੰਮੂ ਤੇ ਕਸ਼ਮੀਰ ਦੇ ਸੰਪਰਕ ਲਈ 2.85 ਕਿਲੋਮੀਟਰ ਦੀ ਲੰਬਾਈ ਵਾਲੀ ਬਣੀ ਜਵਾਹਰ ਟਨਲ ਸੁਰੰਗ ਦੇ ਹਨ੍ਹੇਰੇ ਨੂੰ ਕਸ਼ਮੀਰੀ ਹਿੰਦੂਆਂ ਦੀ ਜ਼ਿੰਦਗੀ ਵਿੱਚ ਆਏ ਹਨ੍ਹੇਰੇ ਲਈ ਕਵੀ ਨੇ ਚਿੰਨ੍ਹ ਵਜੋਂ ਵਰਤਿਆ ਹੈ।ਵੰਡ ਦੇ ਦੁਖਾਂਤ ਨਾਲ ਉਪਜੀ ਕਸ਼ਮੀਰ ਦੀ ਅਸੰਤੋਖਜਨਕ ਅਵਸਥਾ ਦਾ ਮਾਰਮਿਕ ਬਿਆਨ ਇਸ ਕਾਵਿ-ਸੰਗ੍ਰਹਿ ਵਿੱਚ ਕੀਤਾ ਗਿਆ ਹੈ।ਕਸ਼ਮੀਰ ਦਾ ਦੁਖਾਂਤ 47 ਦੇ ਵੇਲੇ ਨਾਲ ਹੀ ਨਹੀਂ ਜੁੜਿਆ,ਸਗੋਂ ਅਜ਼ਾਦੀ ਤੋਂ ਪਾਰਵਲੇ ਲਗਭਗ 7 ਦਹਾਕਿਆਂ ਤੋਂ ਲਗਾਤਾਰ ਵੰਡ ਦੇ ਦੁਖਾਂਤ ਨੂੰ ਆਪਣੇ ਪਿੰਡੇ 'ਤੇ ਹੰਢਾ ਰਿਹਾ ਹੈ। ਉੱਥੋਂ ਦੇ ਲੋਕ ਆਤੰਕੀ ਮਾਹੌਲ ਵਿੱਚ ਰਹਿ ਰਹੇ ਹਨ।ਆਪਣੇ ਹੀ ਘਰਾਂ ਵਿੱਚ ਕੈਦੀਆਂ ਵਾਂਗ ਨੂੜੇ ਦੋਹਰੀ ਮਾਰ ਦਾ ਸ਼ਿਕਾਰ ਹਨ। ਇੱਕ ਪਾਸੇ ਆਤੰਕਵਾਦ ਤੇ ਦੂਜੇ ਪਾਸੇ ਆਰਮੀ ਦੀ ਤਾਨਾਸ਼ਾਹੀ । ਸਭ ਤੋਂ ਵੱਡੀ ਵਿਸੰਗਤੀ ਤਾਂ ਇਹ ਹੈ ਕਿ ਦੋਹਰੀ ਮਾਰ ਦੇ ਸ਼ਿਕਾਰ ਕਸ਼ਮੀਰੀ ਆਪਣੇ ਨਾਲ ਹੁੰਦੇ ਅਨਿਆਇ ਦੇ ਵਿਰੁੱਧ ਤਾਂ ਕੀ,ਆਪਣੇ ਨਾਲ ਵਾਪਰਦੀ ਹੋਣੀ ਬਾਰੇ ਬੋਲ ਕੇ ਦੱਸਣ ਦਾ ਅਧਿਕਾਰ ਵੀ ਨਹੀਂ ਰੱਖਦੇ:

(ੳ) ਬੰਬ ਉਸਦੇ ਹੱਥ ਵਿੱਚ ਫਟਿਆ
ਹਵਾ ਵਿੱਚ ਉੱਡ ਗਏ
ਰਾਹਗੀਰਾਂ ਦੇ ਚੀਥੜੇ
ਸਮਾਚਾਰ ਚੈਨਲਾਂ ਨੇ
ਕਲੋਜ਼ ਅੱਪ ਵਿੱਚ ਵਿਖਾਇਆ
ਦਹਾੜ ਮਾਰਦੇ ਹੋਏ ਇੱਕ ਬੁੱਢੇ ਪਿਤਾ ਨੂੰ
...........................
ਉਸਨੂੰ ਖਿੱਚ ਰਹੇ ਸਨ ਕੁਝ ਲੋਕ ਪਿੱਛੇ
ਇੱਕ ਹੱਥ ਢਕ ਰਿਹਾ ਸੀ
ਉਸ ਦੇ ਦਹਾੜ ਮਾਰਦੇ ਮੂੰਹ ਨੂੰ
ਫਿਰ ਉਹ ਅਚਾਨਕ ਹੋਇਆ ਚੁੱਪ
ਸਹਿਮੀ ਸੁਰ ਵਿੱਚ ਬੋਲਿਆ
ਕੀ ਰੋਣ ਵੀ ਨਹੀਂ ਦਿਓਗੇ?[3]

(ਅ) ਪੁਲੀਸ ਨੇ ਵਰਸਾਈਆਂ ਡਾਂਗਾਂ
ਦਾਗ਼ੇ ਹੰਝੂ ਗੈਸ ਦੇ ਗੋਲ਼ੇ
ਉਹਨਾਂ ਦੀਆਂ ਤੰਗ ਗਲ਼ੀਆਂ 'ਚ ਵੜ ਕੇ
ਫੈਲ ਗਿਆ ਉਹਨਾਂ ਦੇ ਕਮਰਿਆਂ ਵਿੱਚ ਧੂੰਆਂ
"ਭੱਜੋ ਸਾਲਿਓ ਇੱਥੋਂ
ਜਾਓ ਪਾਕਿਸਤਾਨ"
......................
ਭਾੜੇ ਦੇ ਸਰਕਾਰੀ ਗੁੰਡੇ ਵੀ
ਦੌੜ ਪਏ ਔਰਤਾਂ ਅਤੇ ਕੁੜੀਆਂ ਦੇ ਪਿੱਛੇ
ਪਤਲੂਨ ਦੀਆਂ ਚੈਨਾਂ ਖੋਹਲ ਕੇ
ਦਿਖਾਈ ਉਹਨਾਂ ਨੇ ਆਪਣੀ ਔਕਾਤ [4]

ਜ਼ਿੰਦਗੀ ਦਾ ਦਸਤੂਰ ਇਹ ਹੈ ਕਿ ਇਹ ਖ਼ਤਮ ਹੋਇਆ ਨਾਲ ਕਦੇ ਵੀ ਖ਼ਤਮ ਨਹੀਂ ਹੁੰਦੀ । ਥੋੜ੍ਹੇ ਸਮੇਂ ਲਈ ਕੁਚਲੀ ਜਾ ਸਕਦੀ ਹੈ,ਮਸਲੀ ਜਾ ਸਕਦੀ ਹੈ,ਪਰ ਬਿਲਕੁਲ ਨਸ਼ਟ ਨਹੀਂ ਕੀਤੀ ਜਾ ਸਕਦੀ।ਕੁਲਵੰਤ ਸਿੰਘ ਵਿਰਕ ਦੇ ਆਖਣ ਮੁਤਾਬਕ,"ਆਹ ਵੇਖਾਂ ਖੱਬਲ ਹੁੰਦਾ ਏ ਪੈਲ਼ੀ ਵਿੱਚ,ਜਦੋਂ ਵਾਹੀ ਦੀ ਏ ਕੋਈ ਕਸਰ ਤੇ ਨਹੀਂ ਨਾ ਛੱਡੀਦੀ ਉਹਦੇ ਨਾਲ। ਸਾਰਾ ਜੜ੍ਹੋਂ ਪੁੱਟ ਕੇ ਪੈਲ਼ੀਉਂ ਬਾਹਰ ਸੁੱਟ ਦੇਈਦਾ ਏ। ਪਰ ਦਸਾਂ ਦਿਨਾਂ ਮਗਰੋਂ ਫਿਰ ਕੋਈ-ਕੋਈ ਤਿੜ ਫੁਟ ਆਉਂਦੀ ਹੈ।"[5] ਕਸ਼ਮੀਰ ਦੁਖਾਂਤ ਝੱਲਣ ਵਾਲਿਆਂ ਨਾਲ ਵੀ ਇਹੀ ਵਾਪਰਦਾ ਰਿਹਾ ਹੈ।ਅਜਿਹੇ ਵਿੱਚ ਡਾ. ਅਗਨੀਸ਼ੇਖ਼ਰ ਦੀਆਂ ਇਹ ਸਤਰਾਂ ਜੀਵਨ-ਆਸ ਭਰਪੂਰ ਹਨ :

ਕੌਣ ਕਹਿੰਦਾ ਹੈ
ਇਤਿਹਾਸ ਦਾ ਹੋਇਆ ਹੈ ਅੰਤ
ਅਤੇ ਬਚਿਆ ਨਹੀਂ ਯੂਟੋਪੀਆ ਕੋਈ
ਮੈਂ ਦੇਖ ਰਿਹਾ ਹਾਂ ਸੁਫਨਾ
ਇਸ ਨਿਰਲਿਪਤ ਦੇਸ਼ ਵਿੱਚ
ਅਕਾਸ਼ ਤੋਂ ਵਰਦੇ ਫੁੱਲਾਂ ਦਾ
ਫੁੱਲ ਵਰ ਰਹੇ ਨੇ
ਸਾਡੇ ਜ਼ਖ਼ਮਾਂ ਉੱਤੇ
ਡੁਸਕਦੀਆਂ ਨਦੀਆਂ ਉੱਤੇ
ਵਿਛੜਿਆਂ ਦੀਆਂ ਯਾਦਾਂ
ਅਤੇ ਨਿਸ਼ਪਾਪ ਭੁੱਲਾਂ ਉੱਤੇ ।[6]

ਇੱਥੇ ਆਇਆ 'ਯੂਟੋਪੀਆ' ਸੰਕਲਪ ਯੂਨਾਨ ਦੇ ਸਰ ਥਾਮਸ ਮੋਰ ਨੇ 1516 ਵਿੱਚ ਆਪਣੀ ਕਿਤਾਬ 'ਯੂਟੋਪੀਆ' ਵਿੱਚ ਪ੍ਰਸਤਾਵਿਤ ਕੀਤਾ।ਇਹ ਦੱਖਣੀ ਅਮਰੀਕਾ ਦੇ ਤਟ ਤੋਂ ਦੂਰ ਦੱਖਣ ਵਿੱਚ ਅਟਲਾਂਟਿਕ ਸਾਗਰ ਵਿੱਚ ਇਕ ਕਾਲਪਨਿਕ ਟਾਪੂ ਸਮਾਜ ਦਾ ਵਰਣਨ ਹੈ। ਜਿਸ ਵਿੱਚ ਆਪਣੇ ਨਾਗਰਿਕਾਂ ਲਈ ਬਹੁਤ ਜ਼ਿਆਦਾ ਫਾਇਦੇਮੰਦ ਜਾਂ ਲਗਭਗ ਸੰਪੂਰਨ ਗੁਣ ਹਨ।ਇਹ ਅਰਥ ਸ਼ਾਸਤਰ , ਸਰਕਾਰ ਅਤੇ ਨਿਆਂ ਵਿੱਚ ਬਰਾਬਰੀ 'ਤੇ ਕੇਂਦ੍ਰਿਤ ਕਰਦਾ ਹੈ। ਕਸ਼ਮੀਰ ਦੇ ਹਾਲਾਤਾਂ ਨੇ ਲੋਕਾਂ ਨੂੰ ਉਸ ਮਿੱਟੀ ਤੋਂ ਦੂਰ ਕਰਕੇ , ਜਿੱਥੇ ਉਹ ਉਪਜੇ-ਵਿਗਸੇ ਸਨ,ਆਪਣੀਆਂ ਜੜ੍ਹਾਂ ਨਾਲੋਂ ਤੋੜ ਸੁੱਟਿਆ। ਯੂਟੋਪੀਆ ਦੀ ਆਸ ਵਾਂਗ ਹੀ ਆਪਣੀਆਂ ਜੜ੍ਹਾਂ ਨਾਲ ਮੁੜ ਜੁੜਨ ਦੀ ਉਮੀਦ ਡਾ. ਅਗਨੀਸ਼ੇਖ਼ਰ ਦੇ ਨਿਮਨਅੰਕਿਤ ਸ਼ਬਦਾਂ ਵਿੱਚੋਂ ਝਲਕਦੀ ਹੈ:

ਮੇਰੇ ਦੋਸਤ ਨੂੰ ਉਮੀਦ ਹੈ
ਉਸ ਨੂੰ ਮਿਲਣਗੇ ਤਵੀ ਦੇ ਪਾਣੀ ਵਿੱਚ

ਅੱਬਾ ਦੇ ਅਕਸ
ਜਿਵੇਂ ਮੇਰਾ ਬੱਚਾ ਵੇਖਣਾ ਚਾਹੁੰਦਾ ਹੈ
ਕਸ਼ਮੀਰ ਜਾ ਕੇ
ਮੇਰੇ ਪਿੰਡ ਦਾ ਸਕੂਲ।[7]

ਕਸ਼ਮੀਰ ਦੇ ਦੁਖਾਂਤ ਨਾਲ ਝੰਜੋੜੇ ਤੇ ਕਸ਼ਮੀਰ ਤੋਂ ਨਿਰਵਾਸਿਤ ਹੋਏ ਲੋਕ ਸਮਾਂ ਪਾ ਕੇ ਨਿਰਾਸ਼ਤਾ ਦੇ ਘੇਰੇ ਤੋਂ ਬਾਹਰ ਤਾਂ ਆ ਗਏ, ਪਰ ਕਿੰਨੇ ਸਵਾਲ ਉਹਨਾਂ ਦੇ ਮਨਾਂ ਅੰਦਰ ਪਨਪੇ, ਜੋ ਹੁਣ ਵੀ ਮਨ ਦੇ ਕਿਸੇ ਕੋਨੇ ਵਿੱਚ ਡੂੰਘੇ ਲੱਥੇ ਹੋਏ ਹਨ ਤੇ ਕਦੇ ਨਾ ਕਦੇ ਅਵਚੇਤਨ 'ਚੋਂ ਬਾਹਰ ਆ ਕੇ ਉਹਨਾਂ ਦੇ ਜਵਾਬ ਚਾਹੁੰਦੇ ਹਨ ਕਿ ਕਿਉਂ ਉਹਨਾਂ ਨੂੰ ਉਹਨਾਂ ਦੀ ਮਾਤ-ਭੂਮੀ ਵਿੱਚੋਂ ਕੱਢਿਆ ਗਿਆ? ਕਿਉਂ ਮਨੁੱਖ ਦੀ ਮਨੁੱਖਤਾ ਦਮਿਤ ਹੋ ਰਹੀ ਹੈ? ਕਿਉਂ ਸਿਰਫ਼ ਉਹਨਾਂ ਨੂੰ ਹੀ ਨਿਰਵਾਸਨ ਦਾ ਦੁਖਾਂਤ ਝੱਲਣਾ ਪਿਆ? ਇਹ ਸਵਾਲ ਅੱਜ ਵੀ ਜਵਾਬ ਭਾਲਦੇ ਹਨ। ਇਹਨਾਂ ਦੇ ਜਵਾਬਾਂ ਵਿੱਚੋਂ ਵੰਡ ਲਈ ਜ਼ਿੰਮੇਵਾਰ ਧਿਰ ਉਭਰਨ ਦੇ ਡਰ ਤੋਂ ਅਖੌਤੀ ਪ੍ਰਗਤੀਸ਼ੀਲਤਾ ਦੇ ਨਾਂ 'ਤੇ ਚੁੱਪ ਵਰਤਾ ਦਿੰਦੀ ਹੈ:

(ੳ) ਖ਼ਾਮੋਸ਼ ਰਹੇ ਮੇਰੀ ਨਸਲਕੁਸ਼ੀ ਉੱਤੇ
ਇਸੇ ਲਈ ਢੀਠ ਪ੍ਰਗਤੀਸ਼ੀਲ
ਅਸੀਂ ਹੋਣਾ ਹੈ ਧਰਤੀ
ਅਤੇ ਪਚਾਉਣੇ ਹਨ
ਦੁੱਖਾਂ ਦੇ ਪਾਲੀਥੀਨ
ਜਿਵੇਂ ਦਬਾ ਰਹੇ ਹਨ ਉਹ
ਸਵਾਲਾਂ ਦੇ ਬੀਜ।[8]
(ਅ) ਉਸਦੀਆਂ ਅੱਖਾਂ ਪੁੱਛਦੀਆਂ ਹਨ ਹਰ ਕਿਸੇ ਤੋਂ
ਕਿਉਂ ਹੁੰਦੇ ਹਨ ਵਾਰ-ਵਾਰ
ਆਪਣੇ ਰੁੱਖਾਂ ਉੱਤੇ ਬਣੇ ਆਲ੍ਹਣਿਆਂ ਵਿੱਚੋਂ
ਪੰਛੀਆਂ ਦੇ ਵਿਸਥਾਪਨ
ਕਿਉਂ ਖੋਹੇ ਜਾਂਦੇ ਹਨ ਆਕਾਸ਼
ਚੁਰਾ ਲਈ ਜਾਂਦੀ ਹੈ
ਪੈਰਾਂ ਥੱਲੇ ਦੀ ਜ਼ਮੀਨ।[9]

ਡਾ. ਅਗਨੀਸ਼ੇਖ਼ਰ ਦੀ ਕਵਿਤਾ ਉਹਨਾਂ ਅਖੌਤੀ ਧਰਮ ਨਿਰਪੱਖ ਨੇਤਾਵਾਂ 'ਤੇ ਵਿਅੰਗ ਕਰਦੀ ਹੈ, ਜੋ ਆਪਣੇ ਰਾਜਨੀਤਿਕ ਹਿਤਾਂ ਲਈ ਜਨਤਾ ਦੇ ਹਿਤਾਂ ਨੂੰ ਅੱਖੋਂ ਓਹਲੇ ਕਰ ਦਿੰਦੇ ਹਨ। ਸਾਡੇ ਦੇਸ਼ ਦੀ ਸਭ ਤੋਂ ਵੱਡੀ ਤ੍ਰਾਸਦੀ ਇੱਥੋਂ ਦੇ ਨੇਤਾਵਾਂ ਦੁਆਰਾ ਫਿਰਕੂ ਆਧਾਰ 'ਤੇ ਸੰਪਰਦਾਇਕ ਦੰਗੇ ਭੜਕਾਉਣਾ ਹੈ ਤੇ ਜਨਤਾ ਸਾਹਵੇਂ ਧਰਮ-ਨਿਰਪੱਖ ਹੋਣ ਦਾ ਢੌਂਗ ਰਚਾਉਣਾ ਹੈ,ਜਿਸ ਬਾਰੇ ਕਵੀ ਲਿਖਦਾ ਹੈ:

ਮੰਚ ਉੱਤੇ ਜੋ ਮੁੱਖ ਮਹਿਮਾਨ ਸੀ
ਬਿਰਾਜਮਾਨ
ਜੇਹਾਦੀ ਗੁੱਟ ਦੇ ਨੈਤਿਕ ਸਮਰਥਕ
ਇਸ ਲਈ ਸਨ ਮਹਾਨ ਧਰਮ ਨਿਰਪੱਖ
ਬੁੱਧੀਜੀਵੀ ਸਨ
ਇਹੀ ਮੇਰੇ ਸਮੇਂ ਦਾ ਸੱਚ ਸੀ
ਇਸ ਮੁੱਖ ਮਹਿਮਾਨ ਦੀ ਨਜ਼ਰ ਵਿੱਚ
ਸਾਡਾ ਜਲਾਵਤਨ ਕੀਤੇ ਲੋਕਾਂ ਦਾ ਸਾਹਿਤ
ਪ੍ਰਗਤੀਸ਼ੀਲ ਨਹੀਂ ਸੀ ।[10]

ਡਾ. ਅਗਨੀਸ਼ੇਖ਼ਰ ਲੋਕਾਂ ਦਾ ਕਵੀ ਹੈ,ਸੱਚ ਕਹਿਣ ਦੀ ਹਿੰਮਤ ਹੈ ਉਸ ਵਿੱਚ। ਉਸਦੀ ਸ਼ਖ਼ਸੀਅਤ ਦਾ ਇਹ ਪੱਖ ਹਥਲੇ ਕਾਵਿ ਸੰਗ੍ਰਹਿ ਦੀਆਂ ਕਵਿਤਾਵਾਂ ਵਿੱਚ ਸਪਸ਼ਟ ਰੂਪ ਵਿੱਚ ਉੱਘੜਦਾ ਹੈ:

(ੳ) ਜਨਰਲ ਮੇਰੀਆਂ ਨਜ਼ਰਾਂ ਨਾਲ ਮਿਲਾ ਕੇ ਨਜ਼ਰਾਂ
ਕਹੋ ਇਸ ਭਾਰੀ ਸਭਾ ਵਿੱਚ
ਕਿ ਝੂਠ ਕਹਿੰਦਾ ਹਾਂ ਮੈਂ
ਜਨਰਲ ਮੇਰੀ ਕੀ ਮਜਾਲ
ਇੱਕ ਅਦਨਾ ਸੱਚ
ਕਹਿ ਦਿੱਤਾ ਮੂੰਹ 'ਤੇ
ਤੇਰਾ ਪਾਪ
ਇੱਕ ਕਵੀ ਸਤਾਏ ਹੋਏ ਲੋਕਾਂ ਦਾ
ਝਾਕਦਾ ਹੈ ਬੇਧੜਕ
ਤੇਰੀਆਂ ਅੱਖਾਂ ਵਿੱਚ।[11]
(ਅ) ਕਵਿਤਾ ਲਿਖਣਾ
ਤਪੇ ਹੋਏ ਲੋਹੇ ਦੇ ਘੋੜੇ ਉੱਤੇ ਚੜ੍ਹਨਾ ਹੈ
ਜਾਂ ਉਬਲਦੇ ਹੋਏ ਦਰਿਆ ਵਿੱਚ
ਛਾਲ ਮਾਰ ਕੇ ਮਿਲ ਆਉਣਾ
ਉਹਨਾਂ ਬੇਚੈਨ..........ਆਤਮਾਵਾਂ ਨੂੰ
ਜੋ ਕਰਦੀਆਂ ਹਨ
ਸਾਡੀ ਯਾਦ ਵਿੱਚ ਵਾਸ
ਪੁੱਛਣਾ ਉਹਨਾਂ ਤੋਂ ਸ਼ਹੀਦ ਹੋਣ ਦੇ ਅਨੁਭਵ।[12]

ਕਸ਼ਮੀਰ,ਦੁਨੀਆਂ ਦੀ ਖ਼ੂਬਸੂਰਤ ਥਾਂ ,ਜਿਸ ਲਈ ਧਰਤੀ ਉੱਤੇ ਸਵਰਗ ਦਾ ਲਕਬ ਵਰਤਿਆ ਜਾਂਦਾ ਹੈ,ਪਰ ਇਸ ਸਵਰਗ ਦਾ ਦੈਨਿਕ ਜੀਵਨ ਕਿਸੇ ਨਰਕ ਤੋਂ ਘੱਟ ਨਹੀਂ ਜਾਪਦਾ। ਕਿਹੜੇ ਪਲ਼ ਮੌਤ ਦਾ , ਸ਼ੋਸ਼ਣ ਦਾ ਸ਼ਿਕਾਰ ਹੋਣਾ ਪਏ,ਕਿਸ ਵੇਲੇ ਕਿਹੜੀ ਥਾਂ ਬੰਬ ਫਟ ਜਾਏ,ਦੇਹ ਦੇ ਚੀਥੜੇ ਉੱਡ ਜਾਣ ,ਕੁਝ ਪਤਾ ਨਹੀਂ।ਵਾਰ-ਵਾਰ ਐਮਰਜੈਂਸੀ ਲੱਗਦੀ ਹੈ,ਲੋਕਾਂ ਨੂੰ ਆਪਣੇ ਹੀ ਘਰਾਂ ਵਿੱਚ ਨਜ਼ਰਬੰਦ ਕਰ ਦਿੱਤਾ ਜਾਂਦਾ ਹੈ। ਭੁੱਖੇ ਪਿਆਸੇ ਆਪਣੇ ਹੀ ਘਰਾਂ ਵਿੱਚ ਤਾੜੇ ਕਰਫਿਊ ਵਿੱਚ ਢਿੱਲ ਦਾ ਇੰਤਜ਼ਾਰ ਕਰਦੇ ਹਨ। ਆਪਣੇ ਹਾਲਾਤਾਂ ਨੂੰ ਸਮਝਣ ਤੋਂ ਅਸਮਰੱਥ ਹੋਏ ਇਹ ਲੋਕ ਦਵੰਦ ਵਿੱਚ ਹੀ ਜੀਵਨ ਬਸਰ ਕਰਦੇ ਹਨ।ਅੱਜ ਵੀ ਕਸ਼ਮੀਰ ਦੀ ਹਾਲਤ ਅਸੰਤੋਖਜਨਕ ਹੈ। "ਕਸ਼ਮੀਰ ਵਿੱਚ ਅਜੇ ਵੀ ਇੰਟਰਨੈੱਟ ਅਤੇ ਸ਼ੋਸ਼ਲ ਮੀਡੀਆ 'ਤੇ ਪਾਬੰਦੀ ਲੱਗੀ ਹੋਈ ਹੈ।...........ਕਸ਼ਮੀਰ 'ਚ ਵਪਾਰ ਠੱਪ ਹੈ ਅਤੇ ਦਿਹਾਤੀ ਇਲਾਕਿਆਂ ਦੇ ਜ਼ਿਆਦਾਤਰ ਸਕੂਲ ਬੰਦ ਹਨ।"[13]

ਪੋਪਿੰਦਰ ਸਿੰਘ ਪਾਰਸ ਦੁਆਰਾ ਅਨੁਵਾਦਿਤ ਡਾ. ਅਗਨੀਸ਼ੇਖ਼ਰ ਦਾ ਉਕਤ ਕਾਵਿ-ਸੰਗ੍ਰਹਿ 'ਜਵਾਹਰ ਟਨਲ' ਕਸ਼ਮੀਰ ਦੀ ਦਰਦਮਈ ਗਾਥਾ ਦੀ ਮੂੰਹ ਬੋਲਦੀ ਤਸਵੀਰ ਹੈ।ਕਵੀ ਨੇ ਆਤੰਕ ਦੇ ਸਾਏ ਹੇਠ ਰਹਿ ਰਹੇ ਲੋਕਾਂ ਦਾ ਮਾਰਮਿਕ ਚਿੱਤਰ ਚਿਤਰਿਆਹੈ।

**ਹਵਾਲੇ**

1. "Protection Aspects of Unher Activities on Behalf of Internally Displaced Persons",Refugee Survey Quarterly, p176-191.
2. ਅਗਨੀਸ਼ੇਖ਼ਰ,ਜਵਾਹਰ ਟਨਲ,ਪੋਪਿੰਦਰ ਸਿੰਘ ਪਾਰਸ(ਅਨ.),ਪੰਨਾ16-17.
3. ਓਹੀ,ਪੰਨਾ 44.
4. ਓਹੀ,ਪੰਨਾ 45.

5. ਕੁਲਵੰਤ ਸਿੰਘ ਵਿਰਕ,ਮੇਰੀਆਂ ਸਾਰੀਆਂ ਕਹਾਣੀਆਂ,ਪੰਨਾ 113.
6. ਅਗਨੀਸ਼ੇਖ਼ਰ, ਓਹੀ ਰਚਨਾ,ਪੰਨਾ 25-26.
7. ਓਹੀ,ਪੰਨਾ 30.
8. ਓਹੀ,ਪੰਨਾ 38.
9. ਓਹੀ, ਪੰਨਾ 56.
10. ਓਹੀ,ਪੰਨਾ 43.
11. ਓਹੀ,ਪੰਨਾ 64.
12. ਓਹੀ,ਪੰਨਾ 24.
13. ਸਵਰਾਜਬੀਰ,"ਕਸ਼ਮੀਰ ਦੇ ਹਾਲਾਤ",ਪੰਜਾਬੀ ਟ੍ਰਿਬਿਊਨ,28 ਨਵੰਬਰ,2019,ਪੰਨਾ 6.